ਵਲੋ

ਡਾਇਰੈਕਟਰ
ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ
(ਤਕਨੀਕੀ ਸਿੱਖਿਆ ਵਿੰਗ) ਪੰਜਾਬ, ਚੰਡੀਗੜ੍ਹ।

ਸੇਵਾ ਵਿਖੇ

ਪ੍ਰਿੰਸੀਪਲ/ਸਮੂਹ ਸੈਕਸ਼ਨਿੰਗ ਅਥਾਰਟੀਜ

ਮੀਮੋ ਨੰ: 688 ਸਕਾਲਰਸ਼ਿਪ 27/11/14

ਮਿਤੀ:

ਵਿਸ਼ਾ: ਅਸ਼ੀਰਵਾਦ ਵੈਬ ਪੋਟਲ ਸਾਲ (2014-15) ਤੇ ਐਸ ਸੀ/ ਓ ਬੀ ਸੀ ਲਾਭਪਾਤਰੀਆਂ ਦੇ ਬੈਂਕ ਖਾਤੇ ਆਧਾਰ ਕਾਰਡ ਨਾਲ ਲਿੰਕ ਕਰਕੇ ਸੂਚਨਾ ਭੇਜਣ ਸਬੰਧੀ।

ਹਵਾਲਾ: ਇਸ ਦਫਤਰ ਦੇ ਪੱਤਰ ਨੰ: 680 ਮਿਤੀ: 21-11-14 ਦੀ ਲਗਾਤਾਰਤਾ ਵਿਚ ਉਪਰੋਕਤ ਵਿਸ਼ੇ ਤੇ।

ਵਿਸ਼ਾ ਅੰਕਿਤ ਮਾਮਲੇ ਸੰਬੰਧੀ ਸੈਕਟਰੀ ਪਲਾਨਿੰਗ-ਕਮ-ਨੋਡਲ ਅਫਸਰ, ਯੂ ਆਈ ਡੀ ਪ੍ਰੋਜੈਕਟ ਜੀ ਦੀ ਪ੍ਰਧਾਨਗੀ ਹੇਠ ਮਿਤੀ 12/11/14 ਨੂੰ ਹੋਈ ਮੀਟਿੰਗ ਦੇ ਸੰਬੰਧ ਵਿਚ ਦੱਸਿਆ ਗਿਆ ਸੀ ਅਤੇ ਇਸ ਸੰਬੰਧੀ ਡਾਇਰੈਕਟਰ ਭਲਾਈ ਜੀ ਵੱਲੋ ਮਿਤੀ 20-11-14 ਨੂੰ ਕੀਤੀ ਮੀਟਿੰਗ ਵਿੱਚ ਕੀਤੇ ਗਏ ਵਿਚਾਰ ਵਟਾਂਦਰੇ ਸੰਬੰਧੀ ਦੱਸਿਆ ਜਾਂਦਾ ਹੈ ਕਿ ਮਾਨਯੋਗ ਮੁੱਖ ਸਕੱਤਰ ਪੰਜਬ ਜੀ ਵੱਲੋਂ ਆਧਾਰ ਸੰਬੰਧੀ ਪ੍ਰੋਗਰੈਸ ਵਾਚਣ ਲਈ ਨੇੜੇ ਭਵਿੱਖ ਵਿਚ ਇਕ ਮੀਟਿੰਗ ਕੀਤੀ ਜਾਣੀ ਹੈ। ਇਸ ਲਈ ਪਲਾਨਿੰਗ ਕਮਿਸ਼ਨ ਵੱਲੋਂ ਆਧਾਰ ਇੰਨਰੋਲਮੈਂਟ, ਆਧਾਰ ਨੰਬਰ ਅਤੇ ਬੈਂਕ ਖਾਤਿਆਂ ਸੰਬੰਧੀ ਸੀਡਿੰਗ ਸੰਬੰਧੀ ਪ੍ਰੋਸੈੱਸ ਮਿੱਥੇ ਸਮੇਂ ਅੰਦਰ ਮੁਕੰਮਲ ਕਰਨ ਲਈ ਅਤੇ ਵੱਧ ਤੋਂ ਵੱਧ ਲਾਭਪਾਤਰੀ ਕਵਰ ਕਰਨ ਲਈ ਕਿਹਾ ਗਿਆ ਹੈ। ਇਸ ਲਈ ਇਸ ਮੀਟਿੰਗ ਤੋਂ ਪਹਿਲਾਂ-2 ਘੱਟੋਂ ਘੱਟ 90% ਆਧਾਰ ਕਾਰਡ ਦੀ ਸੀਡਿੰਗ ਕਰਵਾਈ ਜਾਵੇ ਅਤੇ ਲਾਭਪਾਤਰੀਆਂ ਦੇ ਆਧਾਰ ਕਾਰਡ ਉਨ੍ਹਾਂ ਦੇ ਬੈਂਕ ਖਾਤਿਆ ਨਾਲ ਲਿੰਕ ਕਰਵਾ ਕੇ ਇਸ ਦਫ਼ਤਰ ਵੱਲੋਂ ਜਾਰੀ ਪੱਤਰ ਦੀ ਮਿਤੀ ਤੋਂ ਇੱਕ ਹਫਤੇ ਦੇ ਵਿੱਚ -2 ਆਪਣੀ ਕੰਪਲਾਇੰਸ ਰਿਪੋਰਟ ਭੇਜੀ ਜਾਵੇ ਜਿਨ੍ਹਾਂ ਸੈਕਸ਼ਨਿੰਗ ਅਥਾਰਟੀਆਂ ਦੇ ਜਿਲ੍ਹਿਆਂ ਦੀ ਯੂ ਆਈ ਡੀ ਦੀ ਸੀਡਿੰਗ ਪ੍ਰਤੀਸ਼ਤ ਬਹੁਤ ਘੱਟ ਹੈ ਜਿਵੇਂ ਬਠਿੰਡਾ, ਫਿਰੋਜਪੁਰ, ਹੁਸ਼ਿਆਰਪੁਰ, ਪਟਿਆਲਾ, ਐਸ ਏ ਐਸ ਨਗਰ ਅਤੇ ਤਰਨਤਾਰਨ ਸੰਬੰਧੀ ਡਾਇਰੈਕਟਰ ਭਲਾਈ ਜੀ ਵੱਲੋ ਗੰਭੀਰ ਨੋਟਿਸ ਲਿਆ ਹੈ ਅਤੇ ਕਿਹਾ ਹੈ ਕਿ ਇਨ੍ਹਾਂ ਜਿਲ੍ਹਿਆਂ ਦੀ ਘੱਟੋਂ ਘੱਟ 90% ਆਧਾਰ ਕਾਰਡ ਦੀ ਸੀਡਿੰਗ ਕਰਵਾਈ ਜਾਵੇ।

ਵਧੀਕ ਡਾਇਰੈਕਟਰ
ਵਾ: ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ,
ਚੰਡੀਗੜ੍ਹ।

ਪਿੰਠ ਅੰਕਣ ਨੰ: ਸਕਾਲਰਸ਼ਿਪ ਮਿਤੀ:

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਡਾਇਰੈਕਟਰ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ੍ਰੇਣੀਆ ਭਲਾਈ ਵਿਭਾਗ, ਪੰਜਾਬ, ਐਸ ਸੀ ਓ ਨੰ: 128-29 ਸੈਕਟਰ 34 ਏ, ਚੰਡੀਗੜ ਨੂੰ ਉਨ੍ਹਾਂ ਦੀ ਮੀਮੋ ਨੰ: 46885-90 ਅਤੇ 46910-16 ਮਿਤੀ 21-11-14 ਦੇ ਹਵਾਲੇ ਵਿਚ। ਵਿਚ।
2. ਪ੍ਰੋਗਰਾਮਰ ਮੁੱਖ ਦਫਤਰ ਨੂੰ ਵਿਭਾਗ ਦੀ ਵੈਬ ਸਾਈਟ ਤੇ ਪਾਉਣ ਹਿੱਤ।

ਵਧੀਕ ਡਾਇਰੈਕਟਰ
ਵਾ: ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ,
ਚੰਡੀਗੜ੍ਹ।